# 2022 ਦੌਰਾਨ ਭਾਰਤ ਦਾ ਦਾਲਾਂ, ਤੇਲ ਬੀਜਾਂ ਦਾ ਔਸਤ ਝਾੜ ਚੋਟੀ ਦੇ ਦੇਸ਼ਾਂ ਤੋਂ ਬਹੁਤ ਹੇਠਾਂ

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ 2025-26 ਦੇ ਬਜਟ ਵਿੱਚ ਦਰਾਮਦ 'ਤੇ ਨਿਰਭਰਤਾ ਘਟਾਉਣ ਲਈ ਦਾਲਾਂ ਅਤੇ ਤੇਲ ਬੀਜਾਂ ਦਾ ਉਤਪਾਦਨ ਵਧਾਉਣ ਦਾ ਐਲਾਨ ਕੀਤਾ ਸੀ। ਹਾਲਾਂਕਿ, ਦਾਲਾਂ ਅਤੇ ਤੇਲ ਬੀਜਾਂ ਦੀ ਪੈਦਾਵਾਰ ਅਤੇ ਉਤਪਾਦਕਤਾ ਨੂੰ ਵਧਾਉਣਾ ਵਿਉਂਤ ਬਣਾਉਣ ਵਾਲਿਆਂ, ਖੇਤੀਬਾੜੀ ਵਿਗਿਆਨੀਆਂ, ਕਿਸਾਨਾਂ ਅਤੇ ਹੋਰ ਹਿੱਸੇਦਾਰਾਂ ਲਈ ਇੱਕ ਵੱਡੀ ਚੁਣੌਤੀ ਹੈ।

ਖੁਰਾਕ ਅਤੇ ਖੇਤੀਬਾੜੀ ਸੰਗਠਨ ਕਾਰਪੋਰੇਟ ਅੰਕੜਾ ਡਾਟਾਬੇਸ (ਐਫ ਏ ਓ ਐਸ ਟੀ ਏ ਟੀ) ਅਤੇ ਅਰਥ ਸ਼ਾਸਤਰ, ਅੰਕੜਾ ਅਤੇ ਮੁੱਲਾਂਕਣ ਡਿਵਿਜ਼ਨ, ਭਾਰਤੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ ਵੱਲੋਂ ਤਿਆਰ ਕੀਤੇ ਅੰਕੜਿਆਂ ਦੇ ਮੁਤਾਬਿਕ, ਦੁਨੀਆ ਵਿੱਚ ਦਾਲਾਂ ਅਤੇ ਤੇਲ ਬੀਜਾਂ ਦੇ ਸਭ ਤੋਂ ਵੱਧ ਝਾੜੇ ਵਾਲੇ ਦੇਸ਼ ਭਾਰਤ ਤੋਂ ਕਾਫ਼ੀ ਉੱਪਰ ਹਨ।

ਖੇਤੀ ਲਾਗਤਾਂ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਨੇ ਆਪਣੀ 'ਹਾੜ੍ਹੀ ਦੀਆਂ ਫ਼ਸਲਾਂ ਲਈ ਮੁੱਲ ਨੀਤੀ: ਮੰਡੀਕਰਨ ਮੌਸਮ 2025-26' ਵਿੱਚ ਕਿਹਾ ਹੈ ਕਿ ਐਫ ਏ ਓ ਐਸ ਟੀ ਏ ਟੀ ਦੇ ਅੰਕੜਿਆਂ ਮੁਤਾਬਿਕ, 2022 ਦੌਰਾਨ ਭਾਰਤ ਦਾ ਮਸਰਾਂ ਦਾ ਔਸਤ ਝਾੜ ਚੀਨ ਦੇ ਮੁਕਾਬਲੇ 65% ਘੱਟ ਹੈ, ਜਿਸਦੀ ਉਪਜ ਦੁਨੀਆ ਵਿੱਚ ਸਭ ਤੋਂ ਵੱਧ ਹੈ।

2022-23 ਹਾੜ੍ਹੀ ਫ਼ਸਲੀ ਦੌਰਾਨ ਭਾਰਤ ਦਾ ਮਸਰਾਂ ਦਾ ਔਸਤ ਝਾੜ 899 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਸੀ। ਐਫ ਏ ਓ ਐਸ ਟੀ ਏ ਟੀ ਵੱਲੋਂ ਤਿਆਰ ਕੀਤੇ ਅੰਕੜਿਆਂ ਅਨੁਸਾਰ, 2022 ਦੌਰਾਨ ਚੀਨ ਦਾ ਔਸਤ ਮਸਰ ਦਾ ਝਾੜ 2,570 ਕਿਲੋ ਪ੍ਰਤੀ ਹੈਕਟੇਅਰ ਸੀ।

2022 ਦੌਰਾਨ, ਇਥੋਪੀਆ ਵਿੱਚ ਛੋਲਿਆਂ ਦਾ ਔਸਤ ਝਾੜ 2,170 ਕਿਲੋ ਪ੍ਰਤੀ ਹੈਕਟੇਅਰ ਨਾਲ ਸਭ ਤੋਂ ਵੱਧ ਸੀ। 2022-23 ਹਾੜ੍ਹੀ ਫ਼ਸਲੀ ਮੌਸਮ ਦੌਰਾਨ ਭਾਰਤ ਦਾ ਛੋਲਿਆਂ ਦਾ ਝਾੜ 1,261 ਕਿਲੋ ਪ੍ਰਤੀ ਹੈਕਟੇਅਰ ਸੀ, ਜਿਹੜਾ ਕਿ ਇਥੋਪੀਆ ਦੇ ਮੁਕਾਬਲੇ 41.9% ਘੱਟ ਹੈ।

ਤੇਲ ਬੀਜਾਂ ਵਿੱਚ, 2022 ਦੌਰਾਨ ਜਰਮਨੀ ਦਾ ਤੋਰੀਏ ਦਾ ਔਸਤ ਝਾੜ ਸਭ ਤੋਂ ਵੱਧ 3,947 ਕਿਲੋ ਪ੍ਰਤੀ ਹੈਕਟੇਅਰ ਸੀ, ਜਦਕਿ ਭਾਰਤ ਦੀ ਉਪਜ 62.1% ਘੱਟ (1,497 ਕਿਲੋ ਪ੍ਰਤੀ ਹੈਕਟੇਅਰ) ਸੀ।

ਭਾਰਤ ਦੁਨੀਆ ਦਾ ਦਾਲਾਂ ਸਭ ਤੋਂ ਵੱਡਾ ਉਤਪਾਦਕ ਹੈ। ਲੇਕਿਨ ਭਾਰਤ ਦਾ ਦਾਲਾਂ ਉਤਪਾਦਨ ਦੇਸ਼ ਦੀ ਮੰਗ ਪੂਰੀ ਕਰਨ ਲਈ ਕਾਫ਼ੀ ਨਹੀਂ ਹੈ। ਵਪਾਰਕ ਜਾਣਕਾਰੀ ਅਤੇ ਅੰਕੜਾ ਡਾਇਰੈਕਟੋਰੇਟ ਦੇ ਅੰਕੜਿਆਂ ਮੁਤਾਬਿਕ, 2023-24 ਦੌਰਾਨ ਭਾਰਤ ਨੇ 16.8 ਲੱਖ ਟਨ ਮਸਰਾਂ ਦੀ ਦਰਾਮਦ ਕੀਤੀ ਸੀ।

## ਮੁੱਖ ਹਾੜ੍ਹੀ ਦੀਆਂ ਫ਼ਸਲਾਂ ਦੇ ਔਸਤ ਝਾੜ ਦੀ ਅੰਤਰਰਾਸ਼ਟਰੀ ਤੁਲਨਾ

| **ਫ਼ਸਲ** | **ਫ਼ਸਲ** | | | **ਔਸਤ ਝਾੜ (ਕਿਲੋਗ੍ਰਾਮ ਪ੍ਰਤੀ ਹੈਕਟੇਅਰ )** | |
|---|---|---|---|---|---|
| | **ਦੁਨੀਆ ਦੇ ਸਭ ਤੋਂ ਵੱਧ ਝਾੜ ਵਾਲੇ ਦੇਸ਼ (2022)** | **ਭਾਰਤ ਦੇ ਸਭ ਤੋਂ ਵੱਧ ਝਾੜ ਵਾਲੇ ਰਾਜ (2022-23)** | **ਕੁੱਲ ਭਾਰਤ ਔਸਤ** | **ਦੁਨੀਆ ਦੇ ਚੋਟੀ ਦੇ ਦੇਸ਼ਾਂ ਦੇ ਮੁਕਾਬਲੇ ਭਾਰਤ ਦਾ ਝਾੜ** | **ਦੁਨੀਆ ਦੇ ਚੋਟੀ ਦੇ ਦੇਸ਼ਾਂ ਦੇ ਮੁਕਾਬਲੇ ਭਾਰਤ ਦੇ ਸਭ ਤੋਂ ਵੱਧ ਝਾੜ ਵਾਲੇ ਰਾਜਾਂ ਦਾ ਪੱਧਰ** |
| ਕਣਕ | ਯੁਨਾਇਟੇਡ ਕਿੰਗਡਮ (8,590)<br>ਜਰਮਨੀ (7,577)<br>ਫਰਾਂਸ (6,997)<br>ਮਿਸਰ (6,782)<br>ਚੀਨ (5,855) | ਪੰਜਾਬ (4,748)<br>ਹਰਿਆਣਾ (4,704)<br>ਰਾਜਸਥਾਨ (3,807)<br>ਉੱਤਰ ਪ੍ਰਦੇਸ਼ (3,531)<br>ਮੱਧ ਪ੍ਰਦੇਸ਼ (3,179) | 3,537 | 58.8 | 44.7 |
| ਜੌਂ | ਆਇਰਲੈਂਡ (8,146)<br>ਜਰਮਨੀ (7,081)<br>ਡੈਨਮਾਰਕ (6,709)<br>ਯੁਕੇ (6,689)<br>ਫਰਾਂਸ (6,046) | ਹਰਿਆਣਾ (3,573)<br>ਰਾਜਸਥਾਨ (3,403)<br>ਉੱਤਰ ਪ੍ਰਦੇਸ਼ (3,068) | 3,025 | 62.9 | 56.1 |
| ਛੋਲੇ | ਇਥੋਪਿਆ (2,170)<br>ਆਸਟ੍ਰੇਲੀਆ (1,725)<br>ਰੂਸ (1,358)<br>ਮਿਆਂਮਾਰ (1,315) | ਗੁਜਰਾਤ (1,699)<br>ਮੱਧ ਪ੍ਰਦੇਸ਼ (1,468)<br>ਆਂਧਰਾ ਪ੍ਰਦੇਸ਼ (1,388)<br>ਉੱਤਰ ਪ੍ਰਦੇਸ਼ (1,321) | 1,261 | 41.9 | 21.7 |

| | | | | | |
|---|---|---|---|---|---|
| | ਤੁਰਕੀਏ (1,271) | ਮਹਾਰਾਸ਼ਟਰ (1,074) | | | |
| ਮਸਰ | ਚੀਨ (2,570)<br>ਆਸਟ੍ਰੇਲੀਆ (1,738)<br>ਕੈਨੇਡਾ (1,341)<br>ਬੰਗਲਾਦੇਸ਼ (1,320)<br>ਤੁਰਕੀਏ (1,299) | ਬਿਹਾਰ (985)<br>ਮੱਧ ਪ੍ਰਦੇਸ਼ (971)<br>ਪੱਛਮੀ ਬੰਗਾਲ (960)<br>ਉੱਤਰ ਪ੍ਰਦੇਸ਼ (950) | 899 | 65 | 61.7 |
| ਤੋਰੀਆ | ਜਰਮਨੀ (3,947)<br>ਯੂਕੇ (3,739)<br>ਫਰਾਂਸ (3,672)<br>ਚੈਕੀਆ (3,391)<br>ਪੋਲੈਂਡ (3,235) | ਗੁਜਰਾਤ (1,966)<br>ਹਰਿਆਣਾ (1,701)<br>ਮੱਧ ਪ੍ਰਦੇਸ਼ (1,540)<br>ਉੱਤਰ ਪ੍ਰਦੇਸ਼ (1,497)<br>ਰਾਜਸਥਾਨ (1,468) | 1,497 | 62.1 | 50.2 |
| ਕੁਸੰਭਾ | ਮੈਕਸੀਕੋ (1,978)<br>ਚੀਨ (1,475)<br>ਅਮਰੀਕਾ (1,359)<br>ਰੂਸ (802)<br>ਭਾਰਤ (777) | ਤੇਲੰਗਾਨਾ (900)<br>ਕਰਨਾਟਕ (897)<br>ਮਹਾਰਾਸ਼ਟਰ (715) | 777 | 60.7 | 54.5 |

***ਟਿੱਪਣੀ:*** *ਬਰੈਕਟ ਵਿੱਚ ਦਿੱਤੇ ਗਏ ਅੰਕੜੇ ਫ਼ਸਲ ਦਾ ਔਸਤ ਝਾੜ ਦਰਸਾਉਂਦੇ ਹਨ*

***ਸਰੋਤ:*** 1) *ਦੁਨੀਆ ਦਾ ਸਭ ਤੋਂ ਵੱਧ ਅਤੇ ਕੁੱਲ ਭਾਰਤੀ ਔਸਤ ਝਾੜ ਲਈ ਐਫ ਏ ਓ ਐਸ ਟੀ ਏ ਟੀ,*

2) *ਭਾਰਤ ਵਿੱਚ ਸਭ ਤੋਂ ਵੱਧ ਝਾੜ ਵਾਲੇ ਰਾਜ ਲਈ ਅਰਥ ਸ਼ਾਸਤਰ, ਅੰਕੜਾ ਅਤੇ ਮੁੱਲਾਂਕਣ ਡਿਵਿਜ਼ਨ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ*